# 2023-24 ਖੰਡ ਸੀਜ਼ਨ ਲਈ ਗੰਨੇ ਦੀ ਐਫ਼ ਆਰ ਪੀ 10 ਰੁਪਏ ਵਧ ਕੇ 315 ਰੁਪਏ ਪ੍ਰਤੀ ਕੁਇੰਟਲ ਹੋਇਆ

ਭਾਰਤ ਸਰਕਾਰ ਨੇ ਖੰਡ ਸੀਜ਼ਨ 2023-24 (ਅਕਤੂਬਰ-ਸਤੰਬਰ) ਲਈ ਗੰਨੇ ਲਈ ਦਾ ਢੁੱਕਵਾਂ ਅਤੇ ਲਾਹੇਵੰਦ ਮੁੱਲ (ਐਫ. ਆਰ ਪੀ) 315 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ ਜਿਹੜਾ ਕਿ 2022-23 ਸੀਜ਼ਨ ਤੋਂ 10 ਰੁਪਏ ਵੱਧ ਹੈ। ਭਾਰਤ ਦੀ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ (ਸੀ ਸੀ ਈ ਏ) ਨੇ 28 ਜੂਨ, 2023 ਨੂੰ 2023-24 ਦੇ ਖੰਡ ਸੀਜ਼ਨ ਲਈ ਗੰਨੇ ਦੇ ਐਫ਼ ਆਰ ਪੀ ਨੂੰ ਮੰਜ਼ੂਰੀ ਦਿੱਤੀ ਸੀ।

ਖੰਡ ਸੀਜ਼ਨ 2023-24 ਲਈ ਐਫ਼ ਆਰ ਪੀ ਮੌਜੂਦਾ ਖੰਡ ਸੀਜ਼ਨ 2022-23 ਨਾਲੋਂ 3.28 % ਵੱਧ ਹੈ। 2022-23 ਸੀਜ਼ਨ ਲਈ ਐਫ਼ ਆਰ ਪੀ 305 ਰੁਪਏ ਪ੍ਰਤੀ ਕੁਇੰਟਲ ਹੈ।

ਚੀਨੀ ਮਿੱਲਾਂ 1 ਅਕਤੂਬਰ, 2023 ਤੋਂ  ਕਿਸਾਨਾਂ ਤੋਂ ਨਵੇਂ ਐਫ਼ ਆਰ ਪੀ ਉੱਤੇ ਗੰਨੇ ਦੀ ਖਰੀਦ ਕਰਨਗੀਆਂ।

ਐਫ਼ ਆਰ ਪੀ, 100 ਕਿੱਲੋ ਗੰਨੇ ਤੋਂ 10.25% ਦੀ ਮੂਲ ਵਸੂਲੀ ਦਰ ਦੇ ਲਈ ਹੈ। ਵਸੂਲੀ ਵਿਚ ਹਰ 0.1% ਵਾਧੇ ਲਈ, ਐਫ਼ ਆਰ ਪੀ ਉੱਤੇ 3.07 ਰੁਪਏ ਪ੍ਰਤੀ ਕੁਇੰਟਲ ਦਾ ਪ੍ਰੀਮਿਅਮ ਅਤੇ ਵਸੂਲੀ ਵਿੱਚ ਹਰ 0.1% ਗਿਰਾਵਟ ਲਈ 3.07 ਰੁਪਏ ਪ੍ਰਤੀ ਕੁਇੰਟਲ ਦੀ ਕਟੌਤੀ ਹੋਵੇਗੀ।

ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ, ਸਰਕਾਰ ਨੇ ਇਹ ਫ਼ੈਸਲਾ ਵੀ ਲਿਆ ਕਿ ਚੀਨੀ ਮਿੱਲਾਂ ਦੇ ਮਾਮਲੇ ਵਿੱਚ ਕੋਈ ਕਟੌਤੀ ਨਹੀਂ ਹੋਵੇਗੀ ਜਿੱਥੇ ਵਸੂਲੀ 9.5%ਤੋਂ ਘੱਟ ਹੈ। ਅਜਿਹੇ ਕਿਸਾਨਾਂ ਨੂੰ ਆਉਣ ਵਾਲੇ ਖੰਡ ਸੀਜ਼ਨ 2023-24 ਤੋਂ ਗੰਨੇ ਦੀ ਲਈ 291.975 ਰੁਪਏ ਪ੍ਰਤੀ ਕੁਇੰਟਲ ਮਿਲੇਗਾ, ਜਿਹੜਾ ਕਿ 2022-23 ਸੀਜ਼ਨ ਵਿੱਚ 281.125 ਰੁਪਏ ਪ੍ਰਤੀ ਕੁਇੰਟਲ ਸੀ।

ਐਫ਼ ਆਰ ਪੀ ਨੂੰ ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀਆਂ ਸਿਫ਼ਾਰਿਸ਼ਾਂ ਤੋਂ ਬਾਅਦ, ਰਾਜ ਸਰਕਾਰਾਂ ਅਤੇ ਹੋਰ ਹਿੱਸੇਦਾਰਾਂ ਨਾਲ ਸਲਾਹ ਕਰਕੇ ਨਿਰਧਾਰਤ ਕੀਤਾ ਜਾਂਦਾ ਹੈ।

ਜਿੱਥੇ ਭਾਰਤ ਸਰਕਾਰ ਕਿਸਾਨਾਂ ਨੂੰ ਚੀਨੀ ਮਿੱਲਾਂ ਵੱਲੋਂ ਭੁਗਤਾਨ ਕੀਤੇ ਜਾਣ ਵਾਲੇ ਐਫ਼ ਆਰ ਪੀ ਦਾ ਐਲਾਨ ਕਰਦੀ ਹੈ, ਉੱਥੇ ਹੀ ਦੇਸ਼ ਦੇ ਕਈ ਸੂਬਿਆਂ ਵਿੱਚ ਗੰਨਾ ਉਤਪਾਦਕਾਂ ਨੂੰ ਭੁਗਤਾਨ ਕਰਨ ਵਾਲੀਆਂ ਦਰਾਂ ਨੂੰ ਮੁਕਰੱਰ ਕਰਨ ਦੀ ਆਪਣੀ ਵਿਧੀ ਹੈ। ਇਸ ਨੂੰ ਰਾਜ ਦਾ ਸਿਫ਼ਾਰਿਸ਼ੀ ਮੁੱਲ (ਐਸ ਏ ਪੀ) ਕਹਿੰਦੇ ਹਨ।

ਫਿਲਹਾਲ, ਉੱਤਰ ਪ੍ਰਦੇਸ਼, ਉੱਤਰਾਖੰਡ, ਹਰਿਆਣਾ ਅਤੇ ਪੰਜਾਬ ਗੰਨੇ ਲਈ ਐਸ ਏ ਪੀ ਤੈਅ ਕਰਦੇ ਹਨ, ਜਿਸਦਾ ਭੁਗਤਾਨ ਇਨ੍ਹਾਂ ਰਾਜਾਂ ਵਿੱਚ ਚੀਨੀ ਮਿੱਲਾਂ ਵੱਲੋਂ ਕਿਸਾਨਾਂ ਨੂੰ ਕੀਤਾ ਜਾਂਦਾ ਹੈ। ਐਸ ਏ ਪੀ, ਐਫ਼ ਆਰ ਪੀ ਨਾਲੋਂ ਵੱਧ ਹੈ।

**5 ਸਾਲਾਂ ਵਿੱਚ ਗੰਨੇ ਦਾ ਐਫ਼ ਆਰ ਪੀ ਅਤੇ ਸੂਬਿਆਂ ਦਾ ਐਸ ਏ ਪੀ (2018-19 ਤੋਂ 2022-23)**

| **ਸਾਲ** | 2018-19 | 2019-20 | 2020-21 | 2021-22 | 2022-23 |
|---|---|---|---|---|---|
| **ਕੁੱਲ ਭਾਰਤ ਐਫ਼ ਆਰ ਪੀ (ਰੁਪਏ/ਕੁਇੰਟਲ)** | 275 | 275 | 285 | 290 | 305 |
| **ਉੱਤਰ ਪ੍ਰਦੇਸ਼ ਐਸ ਏ ਪੀ (ਰੁਪਏ/ਕੁਇੰਟਲ)** | | | | | |
| ਅਗੇਤੀ ਕਿਸਮ | 325 | 325 | 325 | 325 | 350 |
| ਮੱਧ ਕਿਸਮ | 315 | 315 | 315 | 315 | 340 |
| ਪਿਛੇਤੀ ਕਿਸਮ | 310 | 310 | 310 | 310 | 335 |
| **ਉੱਤਰਾਖੰਡ ਐਸ ਏ ਪੀ (ਰੁਪਏ/ਕੁਇੰਟਲ)** | | | | | |
| ਅਗੇਤੀ ਕਿਸਮ | 327 | 327 | 327 | 327 | 355 |
| ਮੱਧ ਕਿਸਮ | 317 | 317 | 317 | 317 | 345 |
| ਪਿਛੇਤੀ ਕਿਸਮ | 310 | 310 | 310 | 310 | - |
| **ਹਰਿਆਣਾ ਐਸ ਏ ਪੀ (ਰੁਪਏ/ਕੁਇੰਟਲ)** | | | | | |
| ਅਗੇਤੀ ਕਿਸਮ | 340 | 340 | 350 | 362 | 372 |
| ਮੱਧ ਕਿਸਮ | 335 | 335 | 345 | 355 | 365 |
| ਪਿਛੇਤੀ ਕਿਸਮ | 335 | 335 | 345 | 355 | 365 |
| **ਪੰਜਾਬ ਐਸ ਏ ਪੀ (ਰੁਪਏ/ਕੁਇੰਟਲ)** | | | | | |
| ਅਗੇਤੀ ਕਿਸਮ | 310 | 310 | 310 | 360 | 380 |
| ਮੱਧ ਕਿਸਮ | 300 | 300 | 300 | 350 | 370 |
| ਪਿਛੇਤੀ ਕਿਸਮ | 295 | 295 | 295 | 345 | 365 |